**ਨਿਊਜ਼** ਰਿਲੀਜ਼

# ਸੱਭਿਆਚਾਰਾਂ ਦਾ ਜਸ਼ਨ ਮਨਾਉਣਾ ਅਤੇ ਨਸਲਵਾਦ ਨਾਲ ਲੜਨਾ

15 ਅਕਤੂਬਰ, 2025 ਮੀਡੀਆ ਪੁੱਛਗਿੱਛ

## ਅਲਬਰਟਾ ਦੀ ਸਰਕਾਰ ਸੱਭਿਆਚਾਰਕ ਵਿਭਿੰਨਤਾ ਦਾ ਜਸ਼ਨ ਮਨਾਉਣ ਅਤੇ ਨਸਲਵਾਦ ਨੂੰ ਸੰਬੋਧਿਤ ਕਰਨ ਵਾਲੀਆਂ ਕਮਿਊਨਿਟੀ-ਅਗਵਾਈ ਵਾਲੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ ਨਸਲੀ ਸੱਭਿਆਚਾਰਕ ਅਤੇ ਨਸਲਵਾਦ ਵਿਰੋਧੀ ਗ੍ਰਾਂਟਾਂ ਨੂੰ ਦੁਬਾਰਾ ਖੋਲ੍ਹ ਰਹੀ ਹੈ।

ਅਲਬਰਟਾ ਦੇ ਜੀਵੰਤ ਸੱਭਿਆਚਾਰਕ ਭਾਈਚਾਰੇ ਇਸ  ਸੂਬੇ ਨੂੰ ਰਹਿਣ, ਕੰਮ ਕਰਨ ਅਤੇ ਪਰਿਵਾਰ ਦੀ ਪਰਵਰਿਸ਼ ਕਰਨ ਲਈ ਸਭ ਤੋਂ ਵਧੀਆ ਜਗ੍ਹਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਤਿੰਨ ਸਾਲਾਂ ਵਿੱਚ $13.5 ਮਿਲੀਅਨ ਦੇ ਸੰਯੁਕਤ ਨਿਵੇਸ਼ ਨਾਲ, ਨਸਲੀ ਸੱਭਿਆਚਾਰਕ ਅਤੇ ਨਸਲਵਾਦ ਵਿਰੋਧੀ ਗ੍ਰਾਂਟਾਂ ਭਾਈਚਾਰਕ ਸੰਗਠਨਾਂ ਨੂੰ ਅਜਿਹੇ ਪ੍ਰੋਜੈਕਟ ਪ੍ਰਦਾਨ ਕਰਨ ਵਿੱਚ ਮਦਦ ਕਰਦੀਆਂ ਹਨ, ਜੋ ਵਿਤਕਰੇ ਨੂੰ ਘਟਾਉਂਦੇ ਹਨ, ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇੱਕ ਵਿਭਿੰਨ ਅਤੇ ਹੁਨਰਮੰਦ ਕਾਰਜਬਲ ਦੇ ਆਕਰਸ਼ਨ ਅਤੇ ਧਾਰਨ ਦਾ ਸਮਰਥਨ ਕਰਦੇ ਹਨ।

"ਅਲਬਰਟਾ ਬਹੁਤ ਸਾਰੇ ਜੀਵੰਤ ਬਹੁ-ਸੱਭਿਆਚਾਰਕ ਭਾਈਚਾਰਿਆਂ ਦਾ ਘਰ ਹੈ ਅਤੇ ਇਸਨੂੰ ਹਮੇਸ਼ਾ ਕਿਸੇ ਵੀ ਵਿਅਕਤੀ ਲਈ ਇੱਕ ਸੁਰੱਖਿਅਤ ਸੂਬਾ ਹੋਣਾ ਚਾਹੀਦਾ ਹੈ, ਜੋ ਇਸਨੂੰ ਆਪਣਾ ਘਰ ਕਹਿੰਦਾ ਹੈ। ਮੈਨੂੰ ਸਾਡੀ ਸਰਕਾਰ ਵੱਲੋਂ ਬਹੁ-ਸੱਭਿਆਚਾਰਕ ਭਾਈਚਾਰਿਆਂ ਨਾਲ ਜੁੜਨ, ਨਸਲਵਾਦ ਵਿਰੁੱਧ ਖੜ੍ਹੇ ਹੋਣ ਅਤੇ ਅਲਬਰਟਾ ਨੂੰ ਸਾਰਿਆਂ ਲਈ ਇੱਕ ਸਵਾਗਤਯੋਗ ਸਥਾਨ ਬਣਾਉਣ ਲਈ ਕੀਤੇ ਜਾ ਰਹੇ ਕੰਮ 'ਤੇ ਮਾਣ ਹੈ।

*ਮੁਹੰਮਦ ਯਾਸੀਨ, ਐਸੋਸੀਏਟ ਮਿਨਿਸਟਰ ਔਫ ਮਲਟੀਕਲਚਰਿਜ਼ਮ*

## ਐਥਨੋਕਲਚਰਲ ਗ੍ਰਾਂਟ ਪ੍ਰੋਗਰਾਮ (ਨਸਲੀ ਸੱਭਿਆਚਾਰਕ ਗ੍ਰਾਂਟ ਪ੍ਰੋਗਰਾਮ)

ਐਥਨੋਕਲਚਰਲ ਗ੍ਰਾਂਟ ਪ੍ਰੋਗਰਾਮ ਉਨ੍ਹਾਂ ਪ੍ਰੋਜੈਕਟਾਂ ਦਾ ਸਮਰਥਨ ਕਰਦਾ ਹੈ, ਜੋ ਵੱਖ-ਵੱਖ ਪਿਛੋਕੜਾਂ ਦੇ ਲੋਕਾਂ ਨੂੰ ਇਕੱਠੇ ਕਰਦੇ ਹੋਏ ਵਧੇਰੇ ਸਮਾਵੇਸ਼ੀ ਭਾਈਚਾਰਿਆਂ ਦਾ ਨਿਰਮਾਣ ਕਰਦੇ ਹਨ। ਨਸਲੀ ਸੱਭਿਆਚਾਰਕ ਅਤੇ ਮੂਲਵਾਸੀ ਸਮੂਹਾਂ ਨਾਲ ਸਬੰਧ ਬਣਾਉਣ ਦੇ ਮੌਕੇ ਪੈਦਾ ਕਰਨ ਵਾਲੀਆਂ ਪਹਿਲਕਦਮੀਆਂ ਲਈ $50,000 ਤੱਕ ਉਪਲਬਧ ਹੈ, ਅਤੇ $15,000 ਤੱਕ ਉਹਨਾਂ ਪ੍ਰੋਜੈਕਟਾਂ ਵੱਲ ਜਾਣਗੇ ਜੋ ਵਿਭਿੰਨਤਾ ਦਾ ਜਸ਼ਨ ਮਨਾਉਂਦੇ ਹਨ।

"ਅਲਬਰਟਾ ਨਸਲੀ ਸੱਭਿਆਚਾਰਕ ਅਤੇ ਨਸਲਵਾਦ ਵਿਰੋਧੀ ਗ੍ਰਾਂਟ ਸਦਕਾ ਹੀ ਕੌਨਟੰਪਲੇਟਿੰਗ ਦ ਟੇਪੇਸਟ੍ਰੀ ਔਫ ਫਿਲੀਪੀਨੋ ਕੈਨੇਡੀਅਨ ਕਨੈਕਸ਼ਨਜ਼ (Contemplating the Tapestry of Filipino Canadian Connections) ਕਲਾ ਪ੍ਰਦਰਸ਼ਨੀ ਸਾਹਮਣੇ ਲਿਆਂਦੀ ਜਾ ਸਕੀ। ਇਸ ਪ੍ਰਦਰਸ਼ਨੀ ਨੇ ਫਿਲੀਪੀਨੋ ਅਤੇ ਕੈਨੇਡੀਅਨ ਭਾਈਚਾਰਿਆਂ ਵਿਚਕਾਰ ਵਿਭਿੰਨ ਸੱਭਿਆਚਾਰਕ ਬਿਰਤਾਂਤਾਂ, ਸਾਂਝੇ ਇਤਿਹਾਸ ਅਤੇ ਆਪਸ ਵਿੱਚ ਜੁੜੇ ਤਜ਼ਰਬਿਆਂ ਦਾ ਜਸ਼ਨ ਮਨਾਇਆ। ਅਸੀਂ ਅਲਬਰਟਾ ਨਸਲੀ ਸੱਭਿਆਚਾਰਕ ਅਤੇ ਨਸਲਵਾਦ ਵਿਰੋਧੀ ਗ੍ਰਾਂਟ ਲਈ ਤਹਿ ਦਿਲੋਂ ਧੰਨਵਾਦੀ ਹਾਂ, ਜਿਸਨੇ ਸਾਨੂੰ ਇੱਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਸੱਭਿਆਚਾਰਕ ਅਨੁਭਵ ਬਣਾਉਣ ਦੇ ਯੋਗ ਬਣਾਇਆ, ਜਿਸਨੇ ਫਿਲੀਪੀਨੋ ਕੈਨੇਡੀਅਨ ਕਲਾਤਮਕਤਾ ਦਾ ਜਸ਼ਨ ਮਨਾਇਆ, ਸੰਵਾਦ ਨੂੰ ਉਤਸ਼ਾਹਿਤ ਕੀਤਾ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕੀਤਾ।

*ਇਡਾ ਬੇਲਟਰਾਨ-ਲੁਸੀਲਾ, ਪ੍ਰਧਾਨ, ਫਿਲੀਪੀਨ ਆਰਟਸ ਕੌਂਸਲ ਅਲਬਰਟਾ*

## ਨਸਲਵਾਦ ਵਿਰੋਧੀ ਗ੍ਰਾਂਟ ਪ੍ਰੋਗਰਾਮ

ਨਸਲਵਾਦ ਵਿਰੋਧੀ ਗ੍ਰਾਂਟ ਪ੍ਰੋਗਰਾਮ ਭਾਈਚਾਰਿਆਂ ਨੂੰ ਵਿਤਕਰੇ ਦਾ ਮੁਕਾਬਲਾ ਕਰਨ ਅਤੇ ਨਸਲਵਾਦ ਨੂੰ ਹੱਲ ਕਰਨ ਲਈ ਸਮਰੱਥਾ ਬਣਾਉਣ ਵਿੱਚ ਮਦਦ ਕਰਦਾ ਹੈ। $10,000 ਤੱਕ ਦੀ ਰਕਮ ਉਹਨਾਂ ਪਹਿਲਕਦਮੀਆਂ ਦਾ ਸਮਰਥਨ ਕਰੇਗੀ ਜੋ ਅਲਬਰਟਾ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਿੱਖਿਅਤ ਕਰਦੀਆਂ ਹਨ ਅਤੇ ਨਸਲਵਾਦ ਵਿਰੋਧੀ ਕੰਮ ਦਾ ਸਮਰਥਨ ਕਰਨ ਲਈ ਸੰਗਠਨਾਤਮਕ ਸਮਰੱਥਾ ਦਾ ਨਿਰਮਾਣ ਕਰਦੀਆਂ ਹਨ, ਅਤੇ $5,000 ਤੱਕ ਉਹਨਾਂ ਪ੍ਰੋਜੈਕਟਾਂ ਲਈ ਜਾਵੇਗੀ, ਜੋ ਨਸਲਵਾਦ ਅਤੇ ਇਸਦੇ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ।

"ਸਾਨੂੰ ਜੋ ਸਰਕਾਰੀ ਪੈਸਾ ਦਿੱਤਾ ਗਿਆ ਸੀ, ਉਹ ਸਾਡੇ ਮਿਸ਼ਨ ਦੀ ਪੂਰਤੀ ਲਈ ਬਹੁਤ ਜ਼ਰੂਰੀ ਸੀ। ਇਸਨੇ ਸਾਨੂੰ ਕਈ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਾਧਨ ਦਿੱਤੇ, ਜਿਵੇਂ ਕਿ ਭਾਈਚਾਰਕ ਗੱਲਬਾਤ ਅਤੇ ਵਰਕਸ਼ਾਪਾਂ ਦੀ ਯੋਜਨਾ ਬਣਾਉਣ ਦੇ ਨਾਲ-ਨਾਲ ਵਿਦਿਅਕ ਸਮੱਗਰੀ ਅਤੇ ਆਊਟਰੀਚ ਪ੍ਰੋਗਰਾਮ ਤਿਆਰ ਕਰਨਾ। ਇਸ ਤੋਂ ਇਲਾਵਾ, ਵਿੱਤ ਨੇ ਸਾਡੇ ਲਈ ਜਾਣਕਾਰ ਬੁਲਾਰਿਆਂ ਅਤੇ ਸੁਵਿਧਾਕਰਤਾਵਾਂ ਨੂੰ ਭੁਗਤਾਨ ਕਰਨਾ ਸੰਭਵ ਬਣਾਇਆ, ਜਿਸ ਨਾਲ ਇਹ ਗਾਰੰਟੀ ਮਿਲਦੀ ਹੈ ਕਿ ਸਾਡੇ ਪ੍ਰੋਗਰਾਮਾਂ ਦਾ ਪ੍ਰਭਾਵ ਪਿਆ ਅਤੇ ਉਹ ਵਿਦਿਅਕ ਅਤੇ ਮਨੋਰੰਜਕ ਦੋਵੇਂ ਪ੍ਰੋਗਰਾਮ ਸਨ।

Classification: Public

*ਮੈਥਿਊ ਗੇਅ, ਪ੍ਰਧਾਨ, ਸਾਈਕਲ ਆਫ਼ ਟਰੱਸਟ*

ਗ੍ਰਾਂਟ ਅਰਜ਼ੀਆਂ ਹੁਣ ਖੁੱਲ੍ਹੀਆਂ ਹਨ ਅਤੇ 19 ਦਸੰਬਰ ਨੂੰ ਬੰਦ ਹੋਣਗੀਆਂ। 21 ਅਕਤੂਬਰ ਨੂੰ ਇੱਕ ਜਾਣਕਾਰੀ ਸੈਸ਼ਨ ਲਈ ਰਜਿਸਟ੍ਰੇਸ਼ਨ ਵੀ ਖੁੱਲ੍ਹੀ ਹੈ, ਜਿੱਥੇ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

## ਮੁੱਖ ਤੱਥ

- ਇਹ ਪ੍ਰੋਗਰਾਮ ਅਲਬਰਟਾ-ਅਧਾਰਤ ਸਮੂਹਾਂ ਲਈ ਖੁੱਲ੍ਹੇ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ:
    - ਗੈਰ-ਮੁਨਾਫ਼ਾ ਸੰਗਠਨ, ਜਿਸ ਵਿੱਚ ਬਹੁ-ਸੱਭਿਆਚਾਰਕ ਅਤੇ ਧਰਮ-ਅਧਾਰਤ ਸਮੂਹ, ਫਸਟ ਨੇਸ਼ਨਜ਼ ਅਤੇ ਮੈਟਿਸ ਸੈਟਲਮੈਂਟਸ, ਪੋਸਟ ਸੈਕੰਡਰੀ ਸੰਸਥਾਵਾਂ, ਸਕੂਲ ਅਤੇ ਸਕੂਲ ਬੋਰਡ ਸ਼ਾਮਲ ਹਨ।
    - 2024-25 ਵਿੱਚ, ਨਸਲੀ ਸੱਭਿਆਚਾਰਕ ਅਤੇ ਨਸਲਵਾਦ ਵਿਰੋਧੀ ਗ੍ਰਾਂਟ ਪ੍ਰੋਗਰਾਮਾਂ ਨੇ ਅੰਤਰ-ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕਰਨ ਅਤੇ ਨਸਲਵਾਦ ਦਾ ਮੁਕਾਬਲਾ ਕਰਨ ਲਈ ਲਗਭਗ 200 ਭਾਈਚਾਰਕ ਸਮੂਹਾਂ ਨੂੰ $5.5 ਮਿਲੀਅਨ ਫੰਡ ਪ੍ਰਦਾਨ ਕੀਤੇ।
    - 2023-24 ਵਿੱਚ 5.5 ਮਿਲੀਅਨ ਡਾਲਰ ਨੇ 230 ਤੋਂ ਵੱਧ ਸੰਗਠਨਾਂ ਦਾ ਸਮਰਥਨ ਕੀਤਾ।

## ਸੰਬੰਧਿਤ ਜਾਣਕਾਰੀ

- ਨਸਲੀ-ਸੱਭਿਆਚਾਰਕ-ਗ੍ਰਾਂਟ
- ਨਸਲਵਾਦ ਵਿਰੋਧੀ ਗ੍ਰਾਂਟ
- ਨਸਲੀ ਸੱਭਿਆਚਾਰਕ ਗ੍ਰਾਂਟ ਜਾਣਕਾਰੀ ਸੈਸ਼ਨ ਰਜਿਸਟ੍ਰੇਸ਼ਨ
- ਨਸਲਵਾਦ ਵਿਰੋਧੀ ਗ੍ਰਾਂਟ ਜਾਣਕਾਰੀ ਸੈਸ਼ਨ ਰਜਿਸਟ੍ਰੇਸ਼ਨ

## ਮੀਡੀਆ ਪੁੱਛਗਿੱਛ

**ਹੰਟਰ ਬੈਰਿਲ**

780-619-5774
ਪ੍ਰੈਸ ਸਕੱਤਰ, ਨੌਕਰੀਆਂ, ਆਰਥਿਕਤਾ, ਵਪਾਰ ਅਤੇ ਇਮੀਗ੍ਰੇਸ਼ਨ